بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَ عَلٰی عَبۡدِہِ الۡمَسِیۡحِ الۡمَوۡعُوۡد
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

- **ਜੰਗੇ ਓਹਦ ਦੇ ਹਾਲਾਤ ਅਤੇ ਉਸ ਸਮੇਂ ਵਾਪਰਨ ਵਾਲੇ ਕਿੱਸਿਆਂ ਦਾ ਬਿਆਨ**
- **ਵਿਸ਼ਵ ਯੁਧੱ ਤੋਂ ਬਚਣ ਲਈ ਦੁਆ ਦੀ ਤਹਰੀਕ**

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ**
**ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 12 ਜਨਵਰੀ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشۡهَدُ أَنۡ لَّا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ۔ بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعٰلَمِيۡنَ۔ الرَّحۡمٰنِ الرَّحِيۡمِ۔ مٰلِكِ يَوۡمِ الدِّيۡنِ۔ اِيَّاكَ نَعۡبُدُ وَ اِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ اَنۡعَمۡتَ عَلَيۡهِمۡ۔ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ

ਤਸ਼ਹੁਦੱ, ਤਾਉਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਜੰਗੇ ਓਹਦ ਵਿਚੱ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦੀ ਜੀਵਨੀ ਦੇ ਹਵਾਲੇ ਨਾਲ ਜ਼ਿਕਰ ਹੋ ਰਿਹਾ ਸੀ।

ਇਸ ਹਵਾਲੇ ਨਾਲ ਹੋਰ ਵਿਸਥਾਰ ਇੰਝ ਹੈ ਕਿ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਲੋਕਾਂ ਵਿੱਚੋਂ ਵਿਰੋਧੀਆਂ ਦੇ ਸਭ ਤੋਂ ਨੇੜ੍ਹੇ ਸਨ ਅਤੇ ਆਪ ਦੇ ਨਾਲ ਕੋਈ 15 ਬੰਦੇ ਡਟੇ ਰਹੇ। 08 ਮੁਹਾਜਿਰਾਂ ਵਿੱਚੋਂ ਅਤੇ 07 ਅੰਨਸਾਰ ਵਿੱਚੋਂ। ਕੁਝੱ ਨੇ ਇਹ ਕਿਹਾ ਹੈ ਕਿ ਆਪ ਦੇ ਨਾਲ 30 ਬੰਦੇ ਡਟੇ ਰਹੇ ਅਤੇ ਸਾਰੇ ਇਹੀ ਕਹਿੰਦੇ ਸਨ ਕਿ ਮੇਰਾ ਮੂੰਹ ਆਪ ਸਲੱਲਾਹੁ ਅਲੈਹਿ ਵਸਲੱਮ ਦੇ ਮੂੰਹ ਦੇ ਸਾਮ੍ਹਣੇ ਰਹੇ ਅਤੇ ਮੇਰੀ ਜਾਨ ਆਪ ਦੀ ਜਾਨ ਦੇ ਸਾਮ੍ਹਣੇ ਅਤੇ ਆਪ ਉੱਤੇ ਸਲਾਮਤੀ ਹੋਵੇ ਅਤੇ ਜਾਨ ਮੇਰੀ ਕੁਰਬਾਨ ਹੋਵੇ। ਵਖੱ ਵਖੱ ਸਾਖੀਆਂ ਵਿਚੱ ਸਹਾਬੀਆਂ ਦੀ ਗਿਣਤੀ ਵਖੱ ਵਖੱ ਬਿਆਨ ਕੀਤੀ ਗਈ ਹੈ। ਇਸ ਦਾ ਇਕੱ ਕਾਰਨ ਇਹ ਵੀ ਹੋ ਸਕਦਾ ਹੈ ਕਿ ਸਹਾਬੀਆਂ ਦੀ ਗਿਣਤੀ ਉਸ ਸਮੇਂ ਦੇ ਅਨੁਸਾਰ ਬਦਲਦੀ ਰਹੀ ਹੋਵੇਗੀ। ਜਿਸ ਨੇ 15 ਵੇਖੀ ਉਸ ਨੇ 15 ਦਸੱ ਦਿੱਤੀ। ਜਿਸ ਨੇ ਜੋ ਵੇਖੀ ਉਹੀ ਬਿਆਨ ਕਰ ਦਿੱਤੀ। ਸਹਾਬੀ ਆਪ ਦੇ ਆਲੇ ਦੁਆਲੇ ਆਉਂਦੇ ਸਨ ਅਤੇ ਫ਼ਿਰ ਵਿਰੋਧੀ ਦੇ ਹਮਲੇ ਨਾਲ ਘੇਰਾ ਟੁਟੱ ਜਾਂਦਾ ਸੀ, ਵਿਖਰ ਜਾਂਦੇ ਸਨ, ਫ਼ਿਰ ਜਮ੍ਹਾਂ ਹੁੰਦੇ ਸਨ। ਸੋ, ਗਲੱ ਇਹੀ ਹੈ ਕਿ ਸਹਾਬੀ ਦਰਿੜ੍ਹਤਾ ਦਾ ਨਮੂਨਾ ਵਿਖਾਉਂਦੇ ਰਹੇ ਅਤੇ ਕਿਸੇ ਨੂੰ ਕਿਸੇ ਕਿਸਮ ਦਾ ਇਹ ਡਰ ਨਹੀਂ ਸੀ ਕਿ ਮੌਤ ਆਵੇਗੀ। ਇਹ ਵੀ ਜ਼ਿਕਰ ਮਿਲਦਾ ਹੈ ਕਿ ਨਬੀ ਕਰੀਮ ਸਲੱਲਾਹੁ ਅਲੈਹਿ ਵਸਲੱਮ ਨੇ ਓਹਦ ਦੇ ਦਿਨ ਸਹਾਬੀਆਂ ਦੀ ਇਕੱ ਜਮਾਅਤ ਤੋਂ ਮੌਤ ਉੱਤੇ ਬੈਅਤ ਲਈ ਸੀ। ਬੈਅਤ ਕਰਨ ਵਾਲੇ ਖ਼ੁਸ਼ ਨਸੀਬਾਂ ਦੀ ਗਿਣਤੀ 08 ਬਿਆਨ ਹੋਈ ਹੈ। ਉਹਨਾਂ ਵਿੱਚੋਂ ਕੋਈ ਵੀ ਸ਼ਹੀਦ ਨਹੀਂ ਹੋਇਆ

ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਓਹਦ ਦੇ ਦਿਨ ਸਹਾਬੀਆਂ ਦੀ ਦਰਿੜ੍ਹਤਾ ਅਤੇ ਬਹਾਦਰੀ ਦਾ ਜ਼ਿਕਰ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਜੋ ਸਹਾਬੀ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦੇ ਆਲੇ ਦੁਆਲੇ ਜਮ੍ਹਾਂ ਸਨ। ਉਹਨਾਂ ਨੇ ਜੋ ਬਹਾਦਰੀ ਵਿਖਾਈ

ਸੰਸਾਰ ਉਹਨਾ ਦੀ ਮਿਸਾਲ ਪੈਸ਼ ਨਹੀਂ ਕਰ ਸਕਦੀ। ਆਪ ਸਲੱਲਾਹੁ ਅਲੈਹਿ ਵਸਲੱਮ ਲਈ ਆਪਣੀ ਜਾਨ ਉੱਤੇ ਖੇਡ ਰਹੇ ਸਨ। ਜੋ ਵਾਰ ਵੀ ਪੈਂਦਾ ਸੀ, ਸਹਾਬੀ ਆਪਣੇ ਉੱਤੇ ਲੈਂਦੇ ਸਨ ਅਤੇ ਆਪ ਸਲੱਲਾਹੁ ਅਲੈਹਿ ਵਸਲੱਮ ਨੂੰ ਬਚਾਉਂਦੇ ਸਨ, ਨਾਲ ਹੀ ਵਿਰੋਧੀ ਉੱਤੇ ਵਾਰ ਵੀ ਕਰਦੇ ਜਾਂਦੇ ਸਨ। ਇਹ ਗਿਣਤੀ ਦੇ ਬਹਾਦਰ ਉਸ ਵੱਡੀ ਗਿਣਤੀ ਦੇ ਸਾਮ੍ਹਣੇ ਕਦੋਂ ਤਕੱ ਠਹਿਰ ਸਕਦੇ ਸਨ, ਜੋ ਸਮੁੰਦਰ ਦੀ ਲਹਿਰਾਂ ਵਾਂਗ ਹਰ ਪਾਸੇ ਤੋਂ ਵਧੱਦਾ ਚਲਾ ਜਾ ਰਿਹਾ ਸੀ। ਵਿਰੋਧੀ ਦੇ ਹਮਲੇ ਦੀ ਹਰ ਲਹਿਰ ਮੁਸਲਮਾਨਾਂ ਨੂੰ ਕਿੱਥੇ ਦਾ ਕਿੱਥੇ ਵਹਾ ਕੇ ਲੈ ਜਾਂਦਾ ਸੀ। ਪਰ ਜਦੱ ਮਾਸਾ ਜਿਹਾ ਜ਼ੋਰ ਘਟੱ ਹੁੰਦਾ ਸੀ ਤਾਂ ਮੁਸਲਮਾਨ ਲੜ੍ਹਦੇ ਭਿੜ੍ਹਦੇ ਫ਼ਿਰ ਆਪਣੇ ਪਿਆਰੇ ਆਕਾ ਸਲੱਲਾਹੁ ਅਲੈਹਿ ਵਸਲੱਮ ਦੇ ਆਲੇ ਦੁਆਲੇ ਜਮ੍ਹਾਂ ਹੋ ਜਾਂਦੇ ਸਨ।

ਈਸਾਈਆਂ ਨੇ ਇਹ ਆਰੋਪ ਲਾਇਆ ਹੈ ਕਿ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਝੂਠੱ ਬੋਲਣਾ ਜਾਂ ਗ਼ਲਤ ਦਸੱਣਾ ਦਰੁਸਤ ਕਰਾਰ ਦਿੱਤਾ ਹੈ। ਇਸ ਵਿਅਰਥ ਆਰੋਪ ਦਾ ਉਤੱਰ ਦਿੰਦੇ ਹੋਏ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਸਾਡੇ ਸਯੱਦ-ਓ-ਮੌਲਾ ਮੁਕਦਸ ਨਬੀ ਸਲੱਲਾਹੁ ਅਲੈਹਿ ਵਸਲੱਮ ਦਾ ਇਕੱ ਉਚੱਤਮ ਨਮੂਨਾ ਇੱਥੇ ਸਾਬਤ ਹੁੰਦਾ ਹੈ ਅਤੇ ਉਹ ਇਹ ਹੈ ਕਿ ਜਿਸ ਤੋਰਯਾ (ਤੋਰਯਾ ਦੇ ਸ਼ਾਬਦਿਕ ਅਰਥ ਹਨ ਕਿ ਜ਼ੁਬਾਨ ਤੋਂ ਕੁਝੱ ਕਹਿਣਾ ਅਤੇ ਦਿਲ੍ਹ ਵਿਚੱ ਕੁਝੱ ਹੋਰ ਹੋਣਾ। ਅਜਿਹੀ ਗਲ੍ਹੱ ਕਰਨਾ ਜੋ ਦੋ ਅਰਥ ਰਖੱਦੀ ਹੋਵੇ) ਨੂੰ ਆਪ ਦਾ ਯਸੂਅ ਮਾਂ ਦੇ ਦੁਧੱ ਵਾਂਗ ਸਦਾ ਵਰਤਦਾ ਰਿਹਾ। ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਉਸ ਤੋਂ ਜਿੱਥੇ ਤਕੱ ਹੋ ਸਕੇ ਬਚਣ ਦਾ ਹੁਕਮ ਦਿੱਤਾ ਹੈ। ਆਪ ਸਲੱਲਾਹੁ ਅਲੈਹਿ ਵਸਲੱਮ ਜੰਗੇ ਓਹਦ ਵਿਚੱ ਇਕੱਲੇ ਹੋਣ ਦੀ ਹਾਲਤ ਵਿਚੱ ਨੰਗੀ ਤਲਵਾਰ ਦੇ ਸਾਮ੍ਹਣੇ ਕਹਿ ਰਹੇ ਸਨ ਕਿ ਮੈਂ ਮੁਹਮੱਦ ਹਾਂ, ਅੱਲਾਹ ਦਾ ਨਬੀ ਹਾਂ, ਮੈਂ ਅਬਦੁਲੱ ਮੁਤਲਿਬ ਦਾ ਪੁਤੱਰ ਹਾਂ ਅਤੇ ਫ਼ਿਰ ਦੂਜੇ ਪਾਸੇ ਆਪ ਦਾ ਯਸੂਅ ਕੰਬ ਕੰਬ ਕੇ ਆਪਣੇ ਸ਼ਰਧਾਲੂਆਂ ਨੂੰ ਇਹ ਸਿਖਿੱਆ ਦੇ ਰਿਹਾ ਸੀ ਕਿ ਕਿਸੇ ਨੂੰ ਨ ਦਸੱਣਾ ਕਿ ਮੈਂ ਯਸੂਅ ਹਾਂ। ਜਦੱਕਿ ਇਸ ਕਲਮੇ ਨਾਲ ਕੋਈ ਉਸ ਨੂੰ ਕਤਲ ਨ ਕਰਦਾ।

ਜੰਗੇ ਓਹਦ ਵਿਚੱ ਝੰਡਾ ਫੜ੍ਹਣ ਵਾਲੇ ਹਜ਼ਰਤ ਮਸਅਬ ਬਿਨ ਉਮੈਰ ਰਜ਼ੀ ਅੱਲਾਹ ਅੰਨਹੁ ਨੇ ਝੰਡੇ ਦੀ ਰਾਖੀ ਦਾ ਹਕੱ ਖ਼ੂਬ ਅਦਾ ਕੀਤਾ। ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਲਿਖੱਦੇ ਹਨ : ਇਬਨੇ ਕਮੀਆ ਨੇ ਹਜ਼ਰਤ ਮਸਅਬ ਰਜ਼ੀ ਅੱਲਾਹ ਅੰਨਹੁ ਦੇ ਉਸ ਹਥੱ ਉੱਤੇ ਹਮਲਾ ਕੀਤਾ, ਜਿਸ ਵਿਚੱ ਉਹਨਾਂ ਨੇ ਝੰਡਾ ਫ਼ੜ੍ਹਿਆ ਹੋਇਆ ਸੀ ਅਤੇ ਉਸ ਹਥੱ ਨੂੰ ਕਟੱ ਦਿੱਤਾ। ਹਜ਼ਰਤ ਮਸਅਬ ਰਜ਼ੀ ਅੱਲਾਹ ਅੰਨਹਹੁ ਨੇ ਝੰਡਾ ਦੂਜੇ ਹਥੱ ਵਿਚੱ ਫ਼ੜ੍ਹ ਲਿਆ। ਇਬਨੇ ਕਮੀਆ ਨੇ ਉਸ ਹਥੱ ਨੂੰ ਵੀ ਕਟੱ ਦਿੱਤਾ ਤਾਂ ਮਸਅਬ ਰਜ਼ੀ ਅੱਲਾਹ ਅੰਨਹੁ ਨੇ ਦੋਵੇਂ ਹੱਥਾਂ ਨਾਲ ਝੰਡੇ ਨੂੰ ਆਪਣੇ ਸੀਨੇ ਨਾਲ ਲਾ ਲਿਆ। ਇਬਨੇ ਕਮੀਆ ਨੇ ਤੀਜੀ ਵਾਰ ਹਮਲਾ ਕਰਕੇ ਨੇਜ਼ਾ ਆਪ ਦੇ ਸੀਨੇ ਵਿਚੱ ਗਾੜ੍ਹ ਦਿੱਤਾ। ਨੇਜ਼ਾ ਟੁਟੱ ਗਿਆ ਅਤੇ ਹਜ਼ਰਤ ਮਸਅਬ ਰਜ਼ੀ ਅੱਲਾਹ ਅੰਨਹੁ ਡਿਗੱ ਗਏ। ਝੰਡਾ ਤਾਂ ਕਿਸੇ ਦੂਜੇ ਮੁਸਲਮਾਨ ਨੇ ਛੇਤੀ ਨਾਲ ਅੱਗੇ ਵਧੱ ਕੇ ਥਾਮ ਲਿਆ। ਪਰ ਕਿਉਂਕਿ ਮਸਅਬ ਰਜ਼ੀ ਅੱਲਾਹ ਅੰਨਹੁ ਵੇਖਣ ਵਿਚੱ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਵਰਗੇ ਸਨ। ਇਬਨੇ ਕਮੀਆ ਨੇ ਸਮਝ ਲਿਆ ਕਿ ਮੈਂ ਮੁਹਮੱਦ ਸਲੱਲਾਹੁ ਅਲੈਹਿ ਵਸਲੱਮ ਨੂੰ ਮਾਰ ਦਿੱਤਾ ਹੈ ਜਾਂ ਇਹ ਵੀ ਸੰਭਵ ਹੈ ਕਿ ਉਸ ਵੱਲੋਂ ਇਹ ਗਲ੍ਹੱ ਕੇਵਲ ਸ਼ਰਾਰਤ ਅਤੇ ਧੋਖੇ ਦੇ ਖ਼ਿਆਲ ਨਾਲ ਹੋਵੇ। ਸੋ,

ਉਸ ਨੇ ਰੌਲਾ ਪਾ ਦਿੱਤਾ ਕਿ ਮੈਂ ਮੁਹਮੱਦ (ਸਲੱਲਾਹੁ ਅਲੈਹਿ ਵਸਲੱਮ) ਨੂੰ ਮਾਰ ਦਿੱਤਾ ਹੈ। ਇਸ ਖ਼ਬਰ ਨਾਲ ਮੁਸਲਮਾਨਾਂ ਦੀ ਰਹੀ ਸਹੀ ਹਿੰਮਤ ਵੀ ਜਾਂਦੀ ਰਹੀ ਅਤੇ ਉਹਨਾਂ ਦਾ ਇਕੱਠ ਬਿਲਕੁਲੱ ਵਿਖਰ ਗਿਆ

ਜਿਵੇਂ ਕਿ ਬਿਆਨ ਹੋਇਆ ਹੈ ਕਿ ਓਹਦ ਦੇ ਮੈਦਾਨ ਵਿਚੱ ਇਕੱ ਛੋਟੀ ਜਿਹੀ ਲਾਪਰਵਾਹੀ ਨੇ ਇਸਲਾਮੀ ਲਸ਼ਕਰ ਦੀ ਜਿਤੱ ਨੂੰ ਕੁਝੱ ਸਮੇਂ ਲਈ ਹਾਰ ਵਿਚੱ ਬਦਲ ਦਿੱਤਾ। ਪਰ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਹੀ ਸੰਸਾਰ ਦੇ ਜੰਗੀ ਇਤਿਹਾਸ ਵਿਚੱ ਸ਼ਾਨਦਾਰ ਕਮਾਂਡਰ ਅਤੇ ਸਿਆਣਪ ਭਰਪੂਰ ਫ਼ੈਸਲਿਆਂ ਦੇ ਮਾਲਿਕ ਮੰਨੇ ਜਾਂਦੇ ਹਨ। ਆਪ ਸਲੱਲਾਹੁ ਅਲੈਹਿ ਵਸਲੱਮ ਨੇ ਜੰਗ ਦੇ ਬਦਲਦੇ ਹੋਏ ਹਾਲਾਤਾਂ ਉੱਤੇ ਡੂੰਗੀ ਨਜ਼ਰ ਰੱਖੀ। ਚਾਰ ਗੁਣਾ ਵੱਡੇ ਲਸ਼ਕਰ ਦੇ ਸਾਮ੍ਹਣੇ ਆਪਣੇ ਵਿਖਰੇ ਹੋਏ ਅਤੇ ਕਮਜ਼ੋਰ ਲਸ਼ਕਰ ਨੂੰ ਇਸ ਅੰਦਾਜ਼ ਵਿਚੱ ਬਚਾਇਆ ਕਿ ਵਿਰੋਧੀ ਇਸਲਾਮੀ ਲਸ਼ਕਰ ਨੂੰ ਪੂਰੀ ਤਰ੍ਹਾਂ ਕੁਚਲਣ ਦੇ ਮੰਦੇ ਇਰਾਦੇ ਉੱਤੇ ਅਮਲ ਨ ਕਰ ਸਕਿਆ। ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਇਸਲਾਮੀ ਲਸ਼ਕਰ ਦਾ ਝੰਡਾ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੁ ਨੂੰ ਦਿੱਤਾ ਅਤੇ ਆਪਣੇ ਦੁਆਲੇ ਜਮ੍ਹਾਂ ਕੁਝੱ ਜਾਨਾਂ ਉੱਤੇ ਆਧਾਰਿਤ ਇਸਲਾਮੀ ਲਸ਼ਕਰ ਦੀ ਨਿੱਕੀ ਜਿਹੀ ਜਮਾਅਤ ਨਾਲ ਮਿਲ ਕੇ ਅਜਿਹੀ ਜੰਗ ਲੜ੍ਹੀ ਕਿ ਮੁਸ਼ਰਿਕਾਂ ਦੇ ਵਿੱਚੋਂ ਨਿਕਲਣ ਦਾ ਰਾਹ ਬਣਾਇਆ ਅਤੇ ਮੈਦਾਨੇ ਜੰਗ ਵਿਚੱ ਮੌਜੂਦ ਵਿਖਰੇ ਇਸਲਾਮੀ ਲਸ਼ਕਰ ਵਲੱ੍ਹ ਵਧੇ। ਜੋ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦੀ ਸ਼ਹਾਦਤ ਦੀ ਖ਼ਬਰ ਸੁਣ ਕੇ ਹੌਸਲਾ ਹਾਰ ਰਿਹਾ ਸੀ। ਮੱਕੇ ਵਾਲਿਆਂ ਨੇ ਵੀ ਇਸਲਾਮੀ ਲਸ਼ਕਰ ਦੀ ਵਾਪਸੀ ਨੂੰ ਅਸਫ਼ਲ ਬਣਾਉਣ ਲਈ ਨਿਰੰਤਰ ਹਮਲੇ ਕੀਤੇ। ਪਰ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦੇ ਪਿੱਛੇ ਹਟੱਣ ਦੀ ਹਿਕਮਤ ਵੀ ਅਜਿਹੀ ਸੀ ਕਿ ਮੁੱਠੀ ਭਰ ਲੋਕ ਅੱਧੇ ਦਾਇਰੇ ਦੀ ਸ਼ਕਲ ਵਿਚੱ ਮੋਡੇ ਨਾਲ ਮੋਡਾ ਮਿਲਾ ਕੇ ਵਿਰੋਧੀ ਦੇ ਹਮਲੇ ਨੂੰ ਅਸਫ਼ਲ ਬਣਾਉਂਦੇ ਹੋਏ, ਚੁਪੱ ਚਾਪ ਘਾਟੀ ਵਲੱ੍ਹ ਖਿਸਕ ਰਹੇ ਸਨ। ਵਿਰੋਧੀ ਨੇ ਘੇਰਾ ਪਾਉਣ ਲਈ ਭਰਪੂਰ ਤਾਕਤ ਦੀ ਵਰਤੋਂ ਕੀਤੀ। ਪਰ ਆਪ ਸਲੱਲਾਹੁ ਅਲੈਹਿ ਵਸਲੱਮ ਨੇ ਹਮਲਾ ਕਰਨ ਵਾਲਿਆਂ ਦੀ ਭੀੜ੍ਹ ਨੂੰ ਚੀਰ ਕੇ ਰਾਹ ਬਣਾ ਹੀ ਲਿਆ।

ਜੰਗੇ ਓਹਦ ਦੇ ਮੌਕੇ ਉੱਤੇ ਨੀਂਦ ਅਤੇ ਊਂਘ ਆਉਣ ਦਾ ਵੀ ਜ਼ਿਕਰ ਮਿਲਦਾ ਹੈ। ਹਜ਼ਰਤ ਜ਼ੁਬੈਰ ਬਿਨ ਅੱਵਾਮ ਰਜ਼ੀ ਅੱਲਾਹ ਅੰਨਹੁ ਅਤੇ ਹਜ਼ਰਤ ਕਾਅਬ ਬਿਨ ਅਮਰ ਅੰਨਸਾਰੀ ਰਜ਼ੀ ਅੱਲਾਹ ਅੰਨਹੁ ਨੇ ਇਸ ਊਂਘ ਦੀ ਵਿਆਖਿਆ ਬਿਆਨ ਕੀਤੀ ਹੈ ਕਿ ਕਿਵੇਂ ਰਬੱ ਨੇ ਇਸ ਊਂਘ ਰਾਹੀਂ ਮੁਸਲਮਾਨਾਂ ਉੱਤੇ ਤਸੱਲੀ ਉਤਾਰੀ। ਹਜ਼ਰਤ ਅਬੂ ਤਲਹਾ ਰਜ਼ੀ ਅੱਲਾਹ ਅੰਨਹੁ ਤੋਂ ਸਾਖੀ ਹੈ ਕਿ ਜੰਗੇ ਓਹਦ ਦੇ ਦਿਨ ਮੈਂ ਸਰ ਚੁਕੱ ਕੇ ਵੇਖਿਆ ਤਾਂ ਹਰ ਆਦਮੀ ਸਰ ਨੀਵਾਂ ਕਰਕੇ ਆਪਣੀ ਢਾਲ ਦੇ ਹੇਠਾਂ ਝੁਕੱ ਰਿਹਾ ਸੀ। ਸਾਰੀ ਕੌਮ ਉਸ ਸਮੇਂ ਨੀਂਦ ਦੀ ਹਾਲਤ ਵਿਚੱ ਚਲੀ ਜਾਵੇ, ਜਦੱਕਿ ਲੜ੍ਹਾਈ ਹੋ ਰਹੀ ਹੋਵੇ ਅਤੇ ਵਿਰੋਧੀ ਤੋਂ ਬਹੁਤ ਖ਼ਤਰਾ ਹੋਵੇ, ਇਹ ਕੋਈ ਸੰਯੋਗ ਨਹੀਂ। ਇਹ ਇਕੱ ਚਮਤਕਾਰ ਹੈ।

ਇਕੱ ਸਾਖੀ ਅਨੁਸਾਰ ਓਹਦ ਦੇ ਦਿਨ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦੇ ਚਿਹਰੇ ਉੱਤੇ ਤਲਵਾਰ ਦੇ ਸਤੱਰ ਵਾਰ ਲਾਏ ਗਏ, ਪਰ ਰਬੱ ਨੇ ਉਹਨਾਂ ਦੇ ਨੁਕਸਾਨ ਤੋਂ ਆਪ ਸਲੱਲਾਹੁ ਅਲੈਹਿ ਵਸਲੱਮ ਨੂੰ ਸੁਰਖਿੱਅਤ ਰਖਿੱਆ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਲੜ੍ਹਾਈ ਵਿਚੱ ਸਭ

ਤੋਂ ਬਹਾਦਰ ਉਹ ਸਮਝਿਆ ਜਾਂਦਾ ਸੀ, ਜੋ ਆਪ ਸਲੱਲਾਹੁ ਅਲੈਹਿ ਵਸਲੱਮ ਦੇ ਕੋਲ੍ਹ ਹੁੰਦਾ ਸੀ। ਕਿਉਂਕਿ ਆਪ ਸਲੱਲਾਹੁ ਅਲੈਹਿ ਵਸਲੱਮ ਵੱਡੇ ਵੱਡੇ ਖ਼ਤਰਨਾਕ ਮੁਕਾਮਾਂ ਵਿਚੱ ਹੁੰਦੇ ਸਨ। ਸੁਬਹਾਨ ਅੱਲਾਹ ! ਕੀ ਸ਼ਾਨ ਹੈ। ਓਹਦ ਵਿਚੱ ਵੇਖੋ ਕਿ ਤਲਵਾਰਾਂ ਉੱਤੇ ਤਲਵਾਰਾਂ ਪੈਂਦੀਆਂ ਹਨ। ਅਜਿਹੀ ਖ਼ਤਰਨਾਕ ਜੰਗ ਹੋ ਰਹੀ ਹੈ ਕਿ ਸਹਾਬੀ ਬਰਦਾਸ਼ਤ ਨਹੀਂ ਕਰ ਸਕਦੇ, ਪਰ ਇਹ ਰੱਬ ਦਾ ਬੰਦਾ ਬਹਾਦਰੀ ਨਾਲ ਲੜ੍ਹ ਰਿਹਾ ਹੈ। ਇਸ ਵਿਚੱ ਸਹਾਬੀਆਂ ਦੀ ਗ਼ਲਤੀ ਨਹੀਂ ਸੀ। ਰਬੱ ਨੇ ਉਹਨਾਂ ਨੂੰ ਬਖ਼ਸ਼ ਦਿੱਤਾ। ਸਗੋਂ ਇਸ ਵਿਚੱ ਰਾਜ਼ ਇਹ ਸੀ ਕਿ ਤਾਂ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦੀ ਬਹਾਦਰੀ ਦਾ ਨਮੂਨਾ ਵਿਖਾਇਆ ਜਾਵੇ

ਜੰਗੇ ਓਹਦ ਦਾ ਵਿਸਥਾਰ ਅੱਗੇ ਵੀ ਜਾਰੀ ਰਹਿਣ ਬਾਰੇ ਫ਼ਰਮਾਉਣ ਦੇ ਬਾਦ ਹਜ਼ੂਰੇ ਅਨਵਰ ਨੇ ਕੁਝੱ ਸਵਰਗ ਵਾਸੀਆਂ ਦਾ ਜ਼ਿਕਰ ਕੀਤਾ ਅਤੇ ਨਮਾਜ਼ ਜਨਾਜ਼ਾ ਗਾਇਬ ਪੜ੍ਹਾਉਣ ਦਾ ਐਲਾਨ ਫ਼ਰਮਾਇਆ ਉਹਨਾਂ ਵਿਚੱ ਗ਼ੱਜ਼ਾਹ, ਫ਼ਲਸਤੀਨ ਦੇ ਇਲਾਕੇ ਦੇ ਸਾਡੇ ਅਹਮਦੀ ਭਰਾ ਮੁਹਮੱਦ ਓਕਾਸ਼ਾ ਸਾਹਿਬ ਹਨ, ਜਿੰਨ੍ਹਾਂ ਨੂੰ ਸਰ ਵਿਚੱ ਗੋਲੀ ਮਾਰ ਕੇ ਸ਼ਹੀਦ ਕੀਤਾ ਗਿਆ ਸੀ।

ਹਜ਼ੂਰੇ ਅਨਵਰ ਨੇ ਉਹਨਾਂ ਦੇ ਗੁਣਾਂ ਦਾ ਜ਼ਿਕਰ ਕਰਨ ਮਗਰੋਂ ਫ਼ਰਮਾਇਆ : ਰਬੱ ਉਹਨਾਂ ਦੇ ਦਰਜਾਤ ਬੁਲੰਦ ਕਰੇ। ਉਹਨਾਂ ਦੇ ਬਚਿੱਆਂ ਨੂੰ ਵੀ ਉਹਨਾਂ ਦੀਆਂ ਦੁਆਵਾਂ ਦਾ ਵਾਰਸ ਬਣਾਏ। ਉਹਨਾਂ ਦੇ ਬੱਚੇ ਅਤੇ ਰਿਸ਼ਤੇਦਾਰ ਅਹਮਦੀਅਤ ਅਤੇ ਹਕੀਕੀ ਇਸਲਾਮ ਨੂੰ ਸਮਝਣ ਵਾਲੇ ਹੋਣ ਅਤੇ ਫ਼ਿਰ ਅਮਨ ਅਤੇ ਸਲਾਮਤੀ ਵੇਖਣ ਵਾਲੇ ਹੋਣ।

ਰਬੱ ਉਹਨਾਂ ਦੇ ਇਲਾਕੇ ਵਿਚੱ ਅਮਨ ਕਾਯਮ ਫ਼ਰਮਾਏ। ਜ਼ੁਲਮ ਦੇ ਹਥੱ ਰੋਕੇ ਅਤੇ ਜ਼ੁਲਮ ਦਾ ਅੰਤ ਫ਼ਰਮਾਏ। ਇਸਰਾਈਲ ਹੁਣ ਲਿਬਨਾਨ ਦੀ ਸਰਹਦ ਦੇ ਨਾਲ ਵੀ ਹਿਜ਼ਬੁੱਲਾਹ ਨਾਲ ਜੰਗ ਖੋਲ੍ਹ ਰਿਹਾ ਹੈ ਅਤੇ ਜਿਸ ਨਾਲ ਹਾਲਾਤ ਹੋਰ ਖ਼ਰਾਬ ਹੋਣਗੇ। ਇੰਝ ਹੀ ਅਮਰੀਕਾ ਅਤੇ ਬਰਤਾਨੀਆ ਨੇ ਹੋਸੀ ਯਮਨੀ ਕਬੀਲੀਆਂ ਦੇ ਖ਼ਿਲਾਫ਼ ਜੋ ਜੰਗ ਛੇੜ੍ਹੀ ਹੈ। ਇਹ ਸਭ ਚੀਜ਼ਾਂ ਜੋ ਹਨ, ਇਹ ਜੰਗ ਨੂੰ ਹੋਰ ਵਧਾ ਰਹੀਆਂ ਹਨ ਫ਼ੈਲਾ ਰਹੀਆਂ ਹਨ ਅਤੇ ਹੁਣ ਤਾਂ ਬਹੁਤ ਸਾਰੇ ਲਿਖੱਣ ਵਾਲਿਆਂ ਨੇ ਲਿਖੱ ਦਿੱਤਾ ਹੈ, ਲਿਖੱ ਰਹੇ ਹਨ ਕਿ ਵਿਸ਼ਵ ਯੁਧੱ ਦੇ ਨਿਸ਼ਾਨ ਬਹੁਤ ਕਰੀਬ ਨਜ਼ਰ ਆ ਰਹੇ ਹਨ। ਸੋ, ਦੁਆਵਾਂ ਦੀ ਬਹੁਤ ਲੋੜ੍ਹ ਹੈ। ਰਬੱ ਮਨੁਖੱਤਾ ਨੂੰ ਅਕਲ ਅਤੇ ਸਮਝ ਬਖ਼ਸ਼ੇ।

ਉਹਨਾਂ ਤੋਂ ਬਿਨਾਂ ਸ਼੍ਰੀਮਤੀ ਅਮਤੁਨੱਸੀਰ ਜ਼ਫ਼ਰ ਸਾਹਿਬਾ ਪਤਨੀ ਸ਼੍ਰੀਮਾਨ ਹੈਦਰ ਅਲੀ ਜ਼ਫ਼ਰ ਸਾਹਿਬ, ਸ਼੍ਰੀਮਤੀ ਨਸੀਮ ਅਖ਼ਤਰ ਸਾਹਿਬਾ ਪਤਨੀ ਹਬੀਬੁੱਲਾਹ ਕਾਹਲੋਂ ਸਾਹਿਬ ਅਤੇ ਸ਼੍ਰੀਮਤੀ ਮੁਬਾਰਕਾ ਬੈਗ਼ਮ ਸਾਹਿਬਾ ਪਤਨੀ ਰਸ਼ੀਦ ਅਹਮਦ ਜ਼ਮੀਰ ਸਾਹਿਬ ਦਾ ਵੀ ਜ਼ਿਕਰ ਫ਼ਰਮਾਇਆ।

ਹਜ਼ੂਰੇ ਅਨਵਰ ਨੇ ਮਰਹੂਮਾਂ ਦੀ ਬਖ਼ਸ਼ਿਸ਼ ਅਤੇ ਦਰਜਾਤ ਬੁਲੰਦ ਹੋਣ ਲਈ ਦੁਆ ਵੀ ਫ਼ਰਮਾਈ।

اَلْحَمْدُ لِلّٰہِ ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔